
ਬਾਲ
ਸਾਹਿਤ

# ਗਿਆਰਾਂ ਮੁੱਠੀਆਂ




## ਮਨਮੋਹਨ ਸਿੰਘ ਦਾਊਂ

ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ
ਲੇਖਕ ਸਨਮਾਨ

# ਗਿਆਰਾਂ ਮੁੱਠੀਆਂ

(ਬਾਲ ਕਹਾਣੀਆਂ)


## ਮਨਮੋਹਨ ਸਿੰਘ ਦਾਊਂ

ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ

ਸ਼੍ਰੋਮਣੀ ਪੰਜਾਬੀ ਬਾਲ ਸਾਹਿਤ

ਲੇਖਕ ਸਨਮਾਨ

ਇਸ ਪੁਸਤਕ ਦੇ ਸਾਰੇ ਹੱਕ ਰਾਖਵੇਂ ਹਨ। ਪ੍ਰਕਾਸ਼ਕ ਦੀ ਲਿਖਤੀ ਆਗਿਆ ਬਿਨ੍ਹਾਂ ਇਸ ਕਿਤਾਬ ਦੇ ਕਿਸੇ ਵੀ ਹਿੱਸੇ ਨੂੰ, ਫੋਟੋਕਾਪੀ ਜਾਂ ਹੋਰ ਕਿਸੇ ਵੀ ਮਸ਼ੀਨੀ ਮਾਧਿਅਮ ਨਾਲ ਦੋਬਾਰਾ ਨਹੀਂ ਛਾਪਿਆ ਜਾ ਸਕਦਾ।

**Giaran Muthian**
(Stories for children)

ISBN : 978-81-7914-426-8

Edition : 2020


Price : Rs. 80

ਪ੍ਰਕਾਸ਼ਕ

**ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ**
3236, ਸੈਕਟਰ 15-ਡੀ, ਚੰਡੀਗੜ੍ਹ-160015

# ਕੀ ਕਿੱਥੇ?


| ਕਹਾਣੀ ਦਾ ਨਾਂ | ਸਫ਼ਾ |
|---|---|
| ਗਿਆਰਾਂ ਮੁੱਠੀਆਂ | 5 |
| ਹੋਣਹਾਰ ਪੱਲੀ | 9 |
| ਅੱਬੂ ਦੇ ਅੱਥਰੂ | 11 |
| ਛਤਰੀ ਵਾਲਾ ਖੁੱਡਾ | 15 |



# ਗਿਆਰਾਂ ਮੁੱਠੀਆਂ

ਇਹ ਗੱਲ 1915 ਈ. ਦੇ ਨੇੜੇ ਤੇੜੇ ਦੀ ਹੈ। ਰੂਪ ਉਦੋਂ ਤਿੰਨ ਕੁ ਵਰ੍ਹਿਆਂ ਦਾ ਸੀ ਜਦੋਂ ਉਸ ਦਾ ਪਿਤਾ ਗੁਜ਼ਰਿਆ। ਇਹ ਗੱਲ ਰੂਪ ਨੂੰ ਉਸ ਦੀ ਮਾਂ ਨੇ ਉਦੋਂ ਦੱਸੀ ਜਦੋਂ ਉਸ ਨੂੰ ਸੋਝੀ ਆਈ।

ਰੂਪ ਆਪਣੀ ਮਾਂ ਨੂੰ ਕਦੇ-ਕਦੇ ਪੁੱਛਦਾ, "ਬਾਪੂ ਕਿੱਥੇ ? ਉਹ ਘਰ ਕਦੋਂ ਆਊਗਾ ?" ਮਾਂ ਚੁੱਪ ਹੋ ਜਾਂਦੀ।

"ਪੁੱਤਰ, ਉਹ ਸਾਡੇ ਕੋਲ ਨਹੀਂ ਆ ਸਕਦਾ" ਮਾਂ ਇਹ ਆਖ ਕੇ ਸੋਚੀਂ ਡੁੱਬ ਜਾਂਦੀ।

ਹੁਣ ਮਾਂ ਤੇ ਰੂਪ ਹੀ ਘਰ ਦੇ ਦੋ ਜੀਅ ਸਨ। ਮਾਂ ਬੜੀ ਸਿਆਣੀ ਸੀ, ਧੀਰਜ ਵਾਲੀ। ਉਹ ਚਾਹੁੰਦੀ ਸੀ ਕਿ ਆਪਣੇ ਪੁੱਤਰ ਨੂੰ ਪੜ੍ਹਾਵਾਂ। ਪੜ੍ਹ ਕੇ ਕੋਈ ਨੌਕਰੀ ਮਿਲ ਜਾਊ। ਘਰ ਦਾ ਗੁਜ਼ਾਰਾ ਸੌਖਾ ਹੋ ਜਾਊ। ਉਹ ਘਰ ਦੇ ਕੰਮਾਂ ਦੇ ਨਾਲ-ਨਾਲ ਆਂਢ-ਗੁਆਂਢ ਦੇ ਕੰਮਕਾਰ ਵੀ ਕਰਦੀ ਤਾਂ ਜੋ ਪੁੱਤਰ ਦੀ ਪੜ੍ਹਾਈ ਲਈ ਖ਼ਰਚਾ ਤੋਰ ਸਕੇ। ਤੜਕੇ ਉੱਠ ਕੇ ਜਦੋਂ ਚੱਕੀ ਪੀਂਹਦੀ ਤਾਂ ਰੂਪ ਸੁੱਤਾ ਹੁੰਦਾ।

ਜਾਗਣ ਵੇਲੇ ਰੂਪ ਨੂੰ ਮਾਂ ਦਾ ਪੀਸਿਆ ਆਟਾ ਪਰਾਤ ਵਿਚ ਇਕ ਵੱਡਾ ਢੇਰ ਜਾਪਦਾ।

ਪਿੰਡ ਤੋਂ ਚਾਰ ਕੁ ਮੀਲ 'ਤੇ ਦੂਜੇ ਪਿੰਡ ਪ੍ਰਾਇਮਰੀ ਸਕੂਲ ਸੀ। ਸੋਚ-ਸੋਚ, ਮਾਂ ਰੂਪ ਨੂੰ ਸਕੂਲ ਦਾਖ਼ਲ ਕਰਵਾਉਣ ਲੈ ਤੁਰੀ। ਅਧਿਆਪਕ ਵੱਲੋਂ ਪਿਤਾ ਦਾ ਨਾਂ ਪੁੱਛਣ 'ਤੇ ਰੂਪ ਨੇ ਮਾਂ ਵੱਲ ਤੱਕਿਆ। ਮਾਂ ਦੇ ਦੱਸਣ 'ਤੇ ਅਧਿਆਪਕ ਨੇ ਬੜੇ ਲਾਡ ਨਾਲ ਰੂਪ ਨੂੰ ਗਲਵਕੜੀ 'ਚ ਲੈ ਲਿਆ। ਏਦਾਂ ਦਾ ਨਿੱਘ ਉਸ ਨੂੰ ਪਹਿਲੀ ਵਾਰ ਮਿਲਿਆ ਸੀ।

ਰੂਪ ਪੜ੍ਹਾਈ ਵਿਚ ਤਿੱਖਾ ਨਿਕਲਿਆ। ਵਿੱਦਿਆ ਦੀ ਪੌੜੀ ਦਾ ਇਕ-ਇਕ ਡੰਡਾ ਚੜ੍ਹਦਾ ਉਹ ਪੰਜਵੀਂ ਦੀ ਪਰੀਖਿਆ 'ਚ ਜ਼ਿਲ੍ਹੇ 'ਚ ਪ੍ਰਥਮ ਦਰਜਾ ਪ੍ਰਾਪਤ ਕਰ ਗਿਆ। ਮਹਿਕਮੇ ਵੱਲੋਂ ਉਸ ਨੂੰ ਅੱਗੇ ਪੜ੍ਹਨ ਲਈ ਮਿਡਲ-ਸ਼੍ਰੇਣੀ ਤੱਕ ਵਜ਼ੀਫ਼ਾ ਵੀ ਲੱਗ ਗਿਆ।

ਮਾਂ ਨੂੰ ਬੇਹੱਦ ਖ਼ੁਸ਼ੀ ਹੋਈ। ਉਸ ਨੂੰ ਆਪਣੇ ਪੁੱਤਰ ਦਾ ਭਵਿੱਖ ਬਣਦਾ ਲੱਗਿਆ। ਰੂਪ ਨੂੰ ਹੁਣ ਅੱਗੇ ਕਿੱਥੇ ਪੜ੍ਹਨੇ ਲਾਇਆ ਜਾਵੇ, ਮਾਂ ਲਈ ਇਹ ਵੱਡੀ ਸਮੱਸਿਆ ਸੀ। ਨੇੜੇ-ਤੇੜੇ ਕੋਈ ਹਾਈ ਸਕੂਲ ਨਹੀਂ ਸੀ। ਰੂਪ ਅੱਗੇ ਪੜ੍ਹਨ ਲਈ ਉਤਾਵਲਾ ਸੀ।

ਮਾਂ ਨੇ ਆਪਣੇ ਇਕ ਰਿਸ਼ਤੇਦਾਰ ਨਾਲ ਸਲਾਹ ਕਰਕੇ ਰੂਪ ਨੂੰ ਸਰਕਾਰੀ ਹਾਈ ਸਕੂਲ ਰੋਪੜ ਦਾਖਲ ਕਰਵਾ ਦਿੱਤਾ। ਉੱਥੇ ਸਕੂਲ ਬੋਰਡਿੰਗ ਹਾਊਸ ਦੇ ਖ਼ਰਚੇ ਦਾ ਪ੍ਰਬੰਧ ਵੀ ਕਰ ਦਿੱਤਾ।

ਰੂਪ ਹਫ਼ਤੇ ਬਾਅਦ ਰੋਪੜ ਤੋਂ ਪੈਦਲ ਐਤਵਾਰ ਨੂੰ ਆਪਣੇ ਪਿੰਡ ਆਉਂਦਾ। ਸੋਮਵਾਰ ਸਵੱਖਤੇ, ਮਾਂ ਹਫ਼ਤੇ ਦਾ ਰਾਸ਼ਨ ਤੇ ਖਾਣ-ਪੀਣ ਦੀਆਂ ਚੀਜ਼ਾਂ ਬੰਨ੍ਹ ਕੇ, ਰੂਪ ਨੂੰ ਸਕੂਲ ਜਾਣ

ਲਈ ਤੋਰ ਦੇਂਦੀ। ਰੂਪ ਦਸ ਮੀਲ ਤੋਂ ਵੱਧ ਸਫ਼ਰ ਪੈਦਲ ਕਰਕੇ, ਸਮੇਂ ਸਿਰ ਸਕੂਲ ਪੁੱਜ ਜਾਂਦਾ।

ਰੂਪ ਬੜਾ ਮਿਹਨਤੀ ਵਿਦਿਆਰਥੀ ਸੀ। ਲਗਨ ਨਾਲ ਪੜ੍ਹਾਈ ਕਰਨ ਵਾਲਾ। ਅਧਿਆਪਕ ਉਸ ਦੇ ਗੁਣਾਂ ਦੀ ਤੇ ਸੂਝ ਦੀ ਪ੍ਰਸ਼ੰਸਾ ਕਰਦੇ। ਛੇਵੀਂ ਤੇ ਸੱਤਵੀਂ ਸ਼੍ਰੇਣੀਆਂ ਰੂਪ ਨੇ ਚੰਗੇ ਨੰਬਰ ਲੈ ਕੇ ਪਾਸ ਕਰ ਲਈਆਂ। ਹੁਣ ਅੱਠਵੀਂ ਦੀ ਮਿਡਲ ਪ੍ਰੀਖਿਆ ਦਾ ਸਾਲ ਚੜ੍ਹ ਗਿਆ। ਮਾਂ ਨੇ ਬੜੀਆਂ ਉਮੀਦਾਂ ਸਿਰਜੀਆਂ। ਕਈ ਵੇਰ ਉਹ ਸੁਪਨੇ ਵਿਚ ਆਪਣੇ ਪੁੱਤਰ ਨੂੰ ਅਫ਼ਸਰ ਬਣਿਆ ਵੇਖਦੀ। ਕਦੇ ਕੁਝ ਕਿਆਸਦੀ ਤੇ ਕਦੇ ਕੁਝ....।

ਇੱਕ ਦਿਨ ਮਾਂ ਨੂੰ ਅਚਾਨਕ ਚੱਕਰ ਆਇਆ ਤੇ ਉਹ ਚੱਲ ਵਸੀ। ਪੰਦਰਾਂ ਸਾਲ ਦੇ ਵਿਦਿਆਰਥੀ ਦੇ ਸਿਰ 'ਤੇ ਜਿਵੇਂ ਪਹਾੜ ਟੁੱਟ ਪਿਆ ਹੋਵੇ। ਉਸ ਦੀਆਂ ਭੁੱਬਾਂ ਨਿਕਲ ਪਈਆਂ। ਅਧਿਆਪਕ ਨੇ ਰੂਪ ਨੂੰ ਹੌਸਲਾ ਦਿੱਤਾ ਤੇ ਮਦਦ ਕਰਨ ਲਈ ਭਰੋਸਾ ਦਿੱਤਾ। ਇਸ ਵੱਡੇ ਸਦਮੇ ਨੂੰ ਰੂਪ ਨੇ ਕਿਵੇਂ ਨਾ ਕਿਵੇਂ ਝੱਲਿਆ।

ਰੂਪ ਹੁਣ ਇਕੱਲਾ ਰਹਿ ਗਿਆ ਸੀ। ਮਾਂ-ਪਿਓ ਦੀ ਛੱਤ ਤੋਂ ਵਾਂਝਾ। ਉਸ ਦੀ ਜ਼ਿੰਦਗੀ ਡਾਵਾਂ ਡੋਲ ਕਿਸ਼ਤੀ ਵਰਗੀ ਸੀ। ਉਸ ਨੂੰ ਮਾਂ ਦੀਆਂ ਸਿਖਿਆਵਾਂ ਯਾਦ ਆਉਂਦੀਆਂ। ਉਹ ਬੇਬੱਸ ਤੇ ਲਾਚਾਰ ਸੀ। ਸਕੂਲ ਹੀ ਉਸ ਦਾ ਸਹਾਰਾ ਸੀ। ਪੜ੍ਹਾਈ ਤੋਂ ਬਿਨਾਂ ਹੋਰ ਕੋਈ ਹੀਲਾ ਨਹੀਂ ਸੀ।

ਮਿਡਲ-ਪ੍ਰੀਖਿਆ ਸਿਰ 'ਤੇ ਆ ਗਈ। ਪੈਸਿਆਂ ਦੀ ਤੰਗੀ ਕਾਰਨ, ਉਸ ਨੇ ਬੋਰਡਿੰਗ-ਹਾਊਸ ਦੀ ਥਾਂ ਆਪਣਾ ਰਹਿਣ ਦਾ ਪ੍ਰਬੰਧ, ਸਕੂਲ ਨੇੜੇ ਇਕ ਕਮਰਾ ਲੈ ਕੇ ਕਰ ਲਿਆ। ਇਹ ਕਮਰਾ ਉਸ ਨੂੰ ਇਕ ਬਜ਼ੁਰਗ ਨੇ ਹਮਦਰਦੀ ਵਜੋਂ ਮੁਫਤ ਰਹਿਣ ਲਈ ਦੇ ਦਿੱਤਾ। ਸੰਝ-ਸਵੇਰ ਰੂਪ ਉਸ ਬਜ਼ੁਰਗ ਦਾ ਛੋਟਾ-ਮੋਟਾ ਕੰਮ ਵੀ ਕਰ ਦਿੰਦਾ ਤੇ ਸੇਵਾ ਵੀ। ਹੁਣ ਰੂਪ ਆਪਣੇ ਪਿੰਡ ਤੋਂ ਲਿਆਂਦੇ ਰਾਸ਼ਨ ਨਾਲ ਆਪ ਹੀ ਰੋਟੀ ਬਣਾਉਂਦਾ ਤੇ ਪੜ੍ਹਾਈ ਵਿਚ ਜੁਟ ਜਾਂਦਾ। ਉਸ ਦਾ ਨਿਸ਼ਾਨਾ, ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਵਿਚ ਚੰਗੇ ਨੰਬਰ ਪ੍ਰਾਪਤ ਕਰਨ ਦਾ ਸੀ। ਉਹ ਕਈ ਬੁਣਤਾਂ ਬੁਣਦਾ। ਇਹਨਾਂ ਸੋਚਾਂ 'ਚ ਕਈ ਵੇਰ ਰੋਟੀ, ਖਾਣੀ ਵੀ ਭੁੱਲ ਜਾਂਦਾ।

ਇੱਕ ਵੇਰ ਉਸ ਕੋਲ ਕਾਪੀ ਖਰੀਦਣ ਲਈ ਪੈਸੇ ਨਹੀਂ ਸਨ। ਉਸ ਨੇ ਇਧਰੋਂ-ਉਧਰੋਂ ਰਫ਼ ਕਾਗਜ਼ ਇਕੱਠੇ ਕੀਤੇ ਜੋ ਇਕ ਪਾਸਿਓਂ ਕੋਰੇ ਸਨ। ਇਸ ਤਰ੍ਹਾਂ, ਕਾਪੀ ਦੀ ਘਾਟ ਪੂਰੀ ਕੀਤੀ।

ਸਰਦੀਆਂ ਦੇ ਦਿਨ ਸਨ। ਰਾਤ ਦਾ ਸਮਾਂ ਸੀ। ਉਸ ਨੇ ਪਿੰਡ ਤੋਂ ਰਾਸ਼ਨ (ਆਟਾ) ਲੈਣ ਲਈ ਦੋ ਹਫ਼ਤਿਆਂ ਨੂੰ ਜਾਣਾ ਸੀ। ਉਸ ਨੇ ਪੀਪੇ ਦਾ ਢੱਕਣ ਖੋਲ੍ਹਿਆ। ਆਟਾ ਤਾਂ ਬਹੁਤ ਥੋੜ੍ਹਾ ਰਹਿ ਗਿਆ ਸੀ, ਕੇਵਲ ਸੱਤ ਦਿਨਾਂ ਲਈ। ਦਿਨ ਤਾਂ ਗਿਆਰਾਂ ਪਏ ਸਨ।

ਰੂਪ ਸੋਚੀਂ ਪੈ ਗਿਆ। ਬਾਕੀ ਦਿਨਾਂ ਲਈ ਆਟਾ ਕਿਸ ਤੋਂ ਮੰਗੇ ? ਕੀ ਕਰੇ, ਕਿੰਨੇ ਹੀ ਪ੍ਰਸ਼ਨ ਉਸ ਦੇ ਮਨ 'ਚ ਉਭਰੇ। ਮਾਂ ਦੀ ਚੱਕੀ ਦੇ ਆਟੇ ਦੀ ਯਾਦ ਆਈ। ਉਧਾਰ ਨਾ ਮੰਗਣ ਦੀ ਸਿੱਖਿਆ ਚੇਤੇ ਕੀਤੀ।

ਉਹ ਉੱਠਿਆ। ਉਸ ਨੇ ਧਰਤੀ 'ਤੇ ਇਕ ਕਾਗਜ਼ ਵਿਛਾਇਆ। ਉਸ ਉੱਤੇ ਪੀਪੇ 'ਚੋਂ ਆਟੇ ਦੀਆਂ ਗਿਆਰਾਂ ਮੁੱਠੀਆਂ ਨਾਲ ਆਟੇ ਨੂੰ ਵੰਡ ਲਿਆ। ਗਿਆਰਾਂ ਦਿਨ ਗੁਜ਼ਾਰਾ ਕਰਨ ਲਈ। ਇੱਕ ਮੁੱਠੀ ਦੇ ਆਟੇ ਨਾਲ ਰੋਟੀ ਬਣਾਉਂਦਾ ਤੇ ਖਾ ਕੇ ਸੌਂ ਜਾਂਦਾ।

ਰਾਤੀਂ ਉਸ ਨੂੰ ਮਾਂ ਦਾ ਸੁਪਨਾ ਆਇਆ ਜੋ ਕਹਿ ਰਹੀ ਸੀ: "ਪੁੱਤਰ, ਆਟੇ ਦੀਆਂ ਗਿਆਰਾਂ ਮੁੱਠੀਆਂ ਨਾਲ ਗਿਆਰਾਂ ਦਿਨ ਗੁਜ਼ਾਰਾ ਕਰੀਂ। ਇਕ ਮੁੱਠੀ ਨਾਲ ਇਕ ਦਿਨ ਲੰਘਾਈਂ। ਤਕੜਾ ਰਹੀਂ।"

ਰੂਪ ਦੀ ਅੱਖ ਖੁੱਲ੍ਹੀ, ਸੁਪਨਾ ਟੁੱਟ ਗਿਆ ਸੀ। ਮਾਂ ਦੀ ਆਖੀ ਗੱਲ ਉਸ ਨੂੰ ਵਾਰ-ਵਾਰ ਯਾਦ ਆ ਰਹੀ ਸੀ। ਉਸ ਨੂੰ ਹੌਂਸਲਾ ਮਿਲਿਆ।

ਦਿਨ ਚੜ੍ਹਿਆ, ਸਵੇਰ ਹੋਈ। ਰੂਪ ਉਠਿਆ, ਤਿਆਰ ਹੋਇਆ, ਉਹ ਪਹਿਲਾਂ ਵਾਂਗ ਆਪਣੀ ਸ਼੍ਰੇਣੀ ਵਿਚ ਹਾਜ਼ਰ ਸੀ।



# ਹੋਣਹਾਰ ਪੱਲੀ

ਉਹ ਬਹੁਤ ਨੇਕ-ਦਿਲ ਮਾਂ ਸੀ। ਉਸ ਦਾ ਇੱਕ ਪੁੱਤਰ ਸੀ। ਉਹ ਉਸ ਨੂੰ 'ਪੱਲੀ' ਕਹਿ ਕੇ ਪੁਕਾਰਦੀ। ਉਹ ਉਸ ਨੂੰ ਬਹੁਤ ਪਿਆਰ ਕਰਦੀ। ਉਸ ਦਾ ਪੂਰਾ ਖਿਆਲ ਰੱਖਦੀ। ਪੱਲੀ ਵੀ ਮਾਂ ਨੂੰ ਪਿਆਰ ਨਾਲ ਚਿੰਬੜ ਜਾਂਦਾ।

ਘਰ 'ਚ ਬਹੁਤ ਗ਼ਰੀਬੀ ਸੀ। ਸਰਬ-ਸੰਤੋਖ ਦੀ ਮਾਲਕ ਪੱਲੀ ਦੀ ਮਾਂ ਥੋੜ੍ਹੇ ਵਿਚ ਵੀ ਗੁਜ਼ਾਰਾ ਕਰਨਾ ਜਾਣਦੀ ਸੀ। ਕਿਸੇ ਅੱਗੇ ਹੱਥ ਅੱਡਣੇ, ਉਸ ਨੂੰ ਚੰਗਾ ਨਹੀਂ ਸੀ ਲੱਗਦਾ। ਆਪਣੇ ਕੰਮ ਵਿਚ ਮਗਨ ਰਹਿੰਦੀ। ਪ੍ਰਭੂ ਦਾ ਸਿਮਰਨ ਕਰਦੀ।

ਉਹ ਆਪਣੇ ਪੁੱਤਰ ਪੱਲੀ ਨੂੰ ਨੇਕ ਇਨਸਾਨ ਬਣਨ ਦੀਆਂ ਕਹਾਣੀਆਂ ਸੁਣਾਉਂਦੀ। ਪੱਲੀ ਨੂੰ ਆਪਣੀ ਮਾਂ ਫਰਿਸ਼ਤਾ ਲੱਗਦੀ ਤੇ ਕਹਾਣੀਆਂ ਬੜੇ ਧਿਆਨ ਨਾਲ ਸੁਣਦਾ। ਪੱਲੀ ਆਪਣੀ ਪੜ੍ਹਾਈ ਲਗਨ ਤੇ ਮਿਹਨਤ ਨਾਲ ਕਰਦਾ। ਉਸ ਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ। ਦੇਰ ਰਾਤ ਤੱਕ ਪੜ੍ਹਦਾ ਰਹਿੰਦਾ। ਪੱਲੀ ਆਪਣੀ ਮਾਤਾ ਨਾਲ ਘਰ ਦੇ ਕੰਮ ਵਿਚ ਵੀ ਹੱਥ ਵਟਾਉਂਦਾ। ਮਾਂ ਉਸ ਨੂੰ ਕਈ ਵੇਰ ਰੋਕਦੀ।

"ਪੁੱਤਰ ਪੜ੍ਹਾਈ ਕਰ ਲੈ। ਕੰਮ ਤਾਂ ਮੈਂ ਕਰ ਹੀ ਲੈਣਾ ਹੈ।" ਇਕ ਦਿਨ ਮਾਂ ਨੇ ਚਾਵਲ ਬਣਾਏ ਤੇ ਨਾਲ ਦਾਲ ਵੀ ਤਿਆਰ ਕੀਤੀ। ਘਰ ਭਾਂਡੇ ਨਾ ਹੋਣ ਕਾਰਨ, ਉਹ ਕੇਲੇ ਦੇ ਪੱਤੇ ਖਰੀਦ ਕੇ ਚਾਵਲ-ਦਾਲ ਨੂੰ ਪੱਤਿਆਂ 'ਤੇ ਪਰੋਸ ਕੇ ਖਾਂਦੇ। ਉਸ ਦਿਨ ਕੇਲੇ ਦੇ ਪੱਤੇ ਖਰੀਦਣ ਲਈ ਘਰ ਪੰਜ ਪੈਸੇ ਵੀ ਨਹੀਂ ਸਨ।

ਮਾਂ ਦੀਆਂ ਅੱਖਾਂ 'ਚ ਅੱਥਰੂ ਆ ਗਏ।

ਉਹ ਪੁੱਤਰ ਨੂੰ ਖਾਣਾ ਪਰੋਸ ਕੇ ਖੁਆਉਣਾ ਚਾਹੁੰਦੀ ਸੀ। ਬੇਬਸ ਹੋਈ ਉਹ ਸੋਚੀਂ ਡੁੱਬ ਗਈ।

ਪੱਲੀ ਨੇ ਮਾਂ ਦੀਆਂ ਅੱਖਾਂ ਵੱਲ ਤੱਕਿਆ। ਉਹ ਕੁਝ ਪਲ ਸੋਚਦਾ ਰਿਹਾ। ਉਸ ਨੂੰ ਇਕ ਫੁਰਨਾ ਫੁਰਿਆ।

ਪੱਲੀ ਨੇ ਰਸੋਈ 'ਚੋਂ ਬਾਲਟੀ ਚੁੱਕੀ। ਬਾਲਟੀ ਨੂੰ ਪਾਣੀ ਨਾਲ ਭਰ ਕੇ ਰਸੋਈ ਦੇ ਫਰਸ਼ ਨੂੰ ਧੋਣ ਲੱਗ ਪਿਆ। ਫਰਸ ਨੂੰ ਦੋ ਤਿੰਨ ਵਾਰ ਚੰਗੀ ਤਰ੍ਹਾਂ ਨਾਲ ਧੋ ਕੇ ਸਾਫ਼ ਕਰ ਦਿੱਤਾ। ਫਰਸ਼ ਸੁੱਚਾ ਤੇ ਸਵੱਛ ਹੋ ਗਿਆ, ਸ਼ੀਸ਼ੇ ਵਾਂਗ। ਉਹ ਮਾਂ ਨੂੰ ਕਹਿਣ ਲੱਗਾ, "ਫਰਸ਼ ਤਾਂ ਥਾਲੀ ਵਾਂਗ ਸਾਫ਼ ਹੋ ਗਿਆ ਹੈ। ਕੇਲੇ ਦੇ ਪੱਤਿਆਂ ਤੋਂ ਬਿਨਾਂ ਸਰ ਜਾਵੇਗਾ।"

"ਮਾਂ, ਤੁਸੀਂ ਚਾਵਲ-ਦਾਲ ਫਰਸ਼ 'ਤੇ ਹੀ ਪਰੋਸ ਦਿਓ। ਚਾਵਲ ਫਰਸ਼ 'ਤੇ ਝੁਕ ਕੇ ਹੀ ਖਾ ਲਵਾਂਗੇ। ਰਸੋਈ ਤਾਂ ਪੂਰੀ ਸੁੱਚੀ ਹੁੰਦੀ ਹੈ। ਤੁਸੀਂ ਉਦਾਸ ਨਾ ਹੋਵੋ।"

ਪੁੱਤਰ ਦੀ ਇਹ ਸਿਆਣਪ ਸੁਣ ਕੇ, ਮਾਂ ਨੂੰ ਹੌਸਲਾ ਹੋ ਗਿਆ। ਉਸ ਨੇ ਪੁੱਤਰ ਦੀ ਗੱਲ ਮੰਨ ਲਈ।

ਸੱਤ ਦਿਨ ਲਗਾਤਾਰ ਮਾਂ ਫਰਸ਼ 'ਤੇ ਹੀ ਚਾਵਲ-ਦਾਲ ਪਰੋਸਦੀ ਰਹੀ ਤੇ ਪੱਲੀ ਹਰ ਰੋਜ਼ ਫਰਸ਼ ਧੋਣ ਦੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ।

ਸਮਾਂ ਬੀਤਦਾ ਗਿਆ। ਪੱਲੀ ਪੜ੍ਹਾਈ ਕਰਦਾ ਗਿਆ। ਨੌਕਰੀ ਦੇ ਅਹੁਦੇ ਨਸੀਬ ਹੁੰਦੇ ਗਏ। ਮਾਂ ਦੀਆਂ ਅਸੀਸਾਂ ਨੇ ਰੰਗ ਲਿਆਂਦਾ। ਮਿਹਨਤ ਨੂੰ ਬੂਰ ਪਿਆ।

ਇਹ ਉਹ ਪੱਲੀ ਵਿਦਿਆਰਥੀ ਸੀ ਜਿਹੜਾ ਕਮਾਲ ਦਾ ਅਧਿਆਪਕ ਤੇ ਇਕ ਦਿਨ ਭਾਰਤ ਦਾ ਰਾਸ਼ਟਰਪਤੀ ਬਣਿਆ-ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ।

ਬੱਚਿਓ, ਹਰ ਸਾਲ ਪੰਜ ਸਤੰਬਰ ਨੂੰ ਅਧਿਆਪਕ-ਦਿਵਸ, ਇਸ ਮਹਾਨ ਸ਼ਖ਼ਸੀਅਤ ਦੇ ਨਾਮ 'ਤੇ ਮਨਾਇਆ ਜਾਂਦਾ ਹੈ।

# ਅੱਬੂ ਦੇ ਅੱਥਰੂ

ਉਹ ਇਕ ਹਰਮਨ-ਪਿਆਰਾ ਅਧਿਆਪਕ ਸੀ। ਉਸ ਨੂੰ ਆਪਣੇ ਕਿੱਤੇ ਨਾਲ ਅੰਤਾਂ ਦਾ ਮੋਹ ਸੀ, ਆਪਣੇ ਵਿਸ਼ੇ ਵਿਚ ਵੀ ਪੂਰਾ ਮਾਹਿਰ। ਉਸ ਦਾ ਆਪਣੇ ਵਿਦਿਆਰਥੀਆਂ ਨਾਲ ਸਹਿਚਾਰ ਮਾਪਿਆਂ ਵਰਗਾ ਸੀ। ਉਹ ਦਿਆਲੂ ਤੇ ਮਿਲਾਪੜਾ ਸੀ।

ਉਹ ਚਾਹੁੰਦਾ ਸੀ ਕਿ ਉਸ ਦੇ ਵਿਦਿਆਰਥੀ ਚੰਗੇ ਇਨਸਾਨ, ਸੱਚੇ ਨਾਗਰਿਕ ਤੇ ਦੇਸ ਦੇ ਨਿਰਮਾਤਾ ਬਣਨ।

ਅਸਲ ਵਿਚ ਉਹ ਅਧਿਆਪਨ ਰਾਹੀਂ ਚੰਗਾ ਸਮਾਜ ਸਿਰਜਣ ਦਾ ਇੱਛਕ ਸੀ।

ਚੰਗੇ ਸਮਾਜ ਨਾਲ ਹੀ ਦੇਸ ਦੀ ਉਸਾਰੀ ਹੋ ਸਕਦੀ ਹੈ, ਉਹ ਸੋਚਦਾ।

ਆਪਣੇ ਆਦਰਸ਼ ਨੂੰ ਸੇਵਾ ਦਾ ਅਮਲੀ ਰੂਪ ਦੇਣ ਲਈ, ਉਸ ਨੇ ਇਕ ਦਿਨ ਆਪਣੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ:

"ਜਿਹੜਾ ਵਿਦਿਆਰਥੀ ਹਰ ਰੋਜ਼ ਬਿਨਾਂ ਨਾਗਾ, ਮੇਰੇ ਕੋਲ ਸਵੇਰੇ ਚਾਰ ਵਜੇ ਪੜ੍ਹਨ ਆਇਆ ਕਰੇਗਾ, ਮੈਂ ਉਸ ਤੋਂ ਟਿਊਸ਼ਨ ਦੇ ਪੈਸੇ ਨਹੀਂ ਲਿਆ ਕਰਾਂਗਾ। ਮੁਫ਼ਤ ਪੜ੍ਹਾਵਾਂਗਾ।"

ਵਿਦਿਆਰਥੀ ਹੈਰਾਨ ਹੋਏ। ਮੁਫ਼ਤ ਸੇਵਾ ਕਿਸ ਨੂੰ ਨਹੀਂ ਚੰਗੀ ਲੱਗਦੀ। ਪਰੰਤੂ ਨਿੱਤਨੇਮ ਪੁਗਾਉਣਾ ਵੀ ਕਿਹੜਾ ਸੌਖਾ ਹੈ। ਇੱਕ ਵਚਨ ਪੂਰਾ ਨਿਭਾਉਣ ਵਾਲੀ ਗੱਲ ਸੀ।

ਸ਼੍ਰੇਣੀ ਵਿਚ 'ਅੱਬੂ' ਨਾਂ ਦਾ ਮਧਰੇ ਕੱਦ ਦਾ ਇੱਕ ਵਿਦਿਆਰਥੀ, ਆਪਣੇ ਉਸ ਅਧਿਆਪਕ ਦੀ ਗੱਲ 'ਤੇ ਪੂਰਾ ਉਤਰਨ ਲਈ, ਹਰ ਰੋਜ਼ ਚਾਰ ਵਜੇ ਪੜ੍ਹਨ ਆਉਂਦਾ। ਉਹ ਇਕ ਘੰਟਾ ਦਿਲ ਲਾ ਕੇ ਪੜ੍ਹਦਾ। ਅੱਬੂ ਗਰੀਬ ਤੇ ਪਛੜੀ ਸ਼੍ਰੇਣੀ ਦੇ ਕਬੀਲੇ ਵਿਚੋਂ ਸੀ। ਪੜ੍ਹਨ ਤੇ ਗਿਆਨ ਹਾਸਲ ਕਰਨ ਦਾ ਉਸ ਨੂੰ ਬਹੁਤ ਸ਼ੌਕ ਸੀ। ਘਰ 'ਚ ਗਰੀਬੀ ਸੀ। ਉਹ ਅੱਗੇ ਪੜ੍ਹਨ ਦੀ ਲੋਚਾ ਰੱਖਦਾ ਸੀ।

ਅਧਿਆਪਕ ਕੋਲ ਮੁਫ਼ਤ ਟਿਊਸ਼ਨ ਪੜ੍ਹਨ ਪਿੱਛੋਂ, ਉਹ ਪੰਜ ਵਜੇ ਤੋਂ ਸੱਤ ਵਜੇ ਤੱਕ ਨੇੜੇ ਦੇ ਰੇਲਵੇ ਸਟੇਸ਼ਨ ਤੋਂ ਅਖ਼ਬਾਰਾਂ ਦਾ ਬੰਡਲ ਚੁੱਕ ਕੇ ਅਖ਼ਬਾਰ ਵੇਚਦਾ। ਐਤਵਾਰ ਵਾਲੇ ਦਿਨ ਆਪਣੇ ਗਾਹਕਾਂ ਤੋਂ ਪੈਸੇ ਇਕੱਠੇ ਕਰਦਾ। ਉਸ ਨੂੰ ਵਿਹਲ ਨਾ ਮਿਲਦੀ। ਘਰ ਦੇ ਕੰਮਾਂ ਵਿਚ ਵੀ ਅੱਬੂ ਹੱਥ ਵਟਾਉਂਦਾ। ਇੰਜ ਕੰਮ ਕਰਦਿਆਂ, ਉਹ ਥੱਕ-ਟੁੱਟ ਜਾਂਦਾ। ਭੱਜ-ਦੌੜ ਕਾਰਨ ਉਸ ਨੂੰ ਭੁੱਖ ਵੀ ਡਾਢੀ ਲੱਗਦੀ। ਰਸੋਈ ਵਿਚ ਪਈਆਂ ਰੋਟੀਆਂ ਉਹ ਸਭ ਤੋਂ ਵੱਧ ਖਾ ਜਾਂਦਾ।

ਇਕ ਦਿਨ ਉਸ ਦੇ ਵੱਡੇ ਭਰਾ ਨੇ ਉਸ ਨੂੰ ਦੱਸਿਆ ਕਿ ਸਾਰੀਆਂ ਰੋਟੀਆਂ ਤੂੰ ਖਾ ਜਾਂਦਾ ਪਰ ਮਾਤਾ ਜੀ ਨੂੰ ਤਾਂ ਕੋਈ ਰੋਟੀ ਨਹੀਂ ਬਚਦੀ। ਤੈਨੂੰ ਪਤਾ ਨਹੀਂ, ਕੱਲ੍ਹ ਮਾਤਾ ਜੀ ਨੇ ਰੋਟੀ ਦੀ ਥਾਂ



ਪਾਣੀ ਪੀ ਕੇ ਹੀ ਸਬਰ ਕੀਤਾ। ਅਸੀਂ ਤਾਂ ਰੋਟੀਆਂ ਖਾ ਲਈਆਂ ਪਰੰਤੂ ਮਾਤਾ ਜੀ ਭੁੱਖੇ ਹੀ ਸੌਂ ਗਏ।

ਅੱਬੂ ਇਹ ਸੁਣ ਕੇ ਬਹੁਤ ਗੰਭੀਰ ਹੋ ਗਿਆ। ਅਸਲ ਵਿਚ ਦੂਰ-ਅੰਦੇਸ਼ ਮਾਂ ਸੋਚਦੀ ਕਿ ਪੁੱਤਰ ਪੜ੍ਹ ਲਿਖ ਜਾਣ, ਪਲ ਜਾਣ। ਗਰੀਬੀ ਕੱਟੀ ਜਾਵੇਗੀ।

"ਮਾਂ ਦਾ ਫਰਜ਼ ਤਾਂ ਕੁਰਬਾਨੀ ਕਰਨਾ ਹੈ, ਆਪਾ ਵਾਰਨਾ ਹੈ", ਉਹ ਅੰਦਰੋਂ-ਅੰਦਰੀ ਸੋਚਦੀ।

ਵੱਡੇ ਭਰਾ ਤੋਂ ਜਦੋਂ ਅੱਬੂ ਨੂੰ ਮਾਂ ਦੀ ਇਸ ਗੱਲ ਦਾ ਪਤਾ ਲੱਗਿਆ ਤਾਂ ਭੁੱਬਾਂ ਮਾਰ ਕੇ ਰੋਣ ਲੱਗ ਪਿਆ ਤੇ ਮਾਂ ਨੂੰ ਚਿੰਬੜ ਗਿਆ। ਮਾਂ ਸੁੰਨ ਹੋ ਗਈ।

"ਮਾਂ ਮਾਂ ਮੈਨੂੰ ਮੁਆਫ਼ ਕਰੀਂ....।" ਉਸ ਨੇ ਹਟਕੋਰੇ ਲੈਂਦਿਆਂ ਆਖਿਆ ਤੇ ਮਾਂ ਦੇ ਪੈਰੀਂ ਡਿੱਗ ਗਿਆ।

ਮਾਂ ਜਿਵੇਂ ਗਿਆਨ ਦੀ ਸੀਤਲ ਗੰਗਾ ਬਣ ਸਭ ਕੁਝ ਭੁੱਲ ਗਈ। ਅਸੀਸਾਂ ਤੋਂ ਬਿਨਾਂ ਮਾਂ ਕੋਲ ਹੁਣ ਕੁਝ ਨਹੀਂ ਸੀ। ਪੁੱਤਰ ਨੂੰ ਵੱਡਾ ਆਦਮੀ ਬਣਨ ਦੀ ਕਲਪਨਾ ਕਰਨ ਲੱਗੀ। ਉਸ ਨੂੰ ਸੂਰਜ ਉਦੈ ਹੁੰਦਾ ਲੱਗਿਆ।

ਅਸੀਸਾਂ ਨੇ ਰੰਗ ਲਿਆਂਦਾ। ਸਮਾਂ ਆਪਣੀ ਤੋਰੇ ਤੁਰਦਾ ਗਿਆ। ਅੱਬੂ ਨੇ ਮਿਹਨਤ ਦਾ ਪੱਲਾ ਨਾ ਛੱਡਿਆ। ਕਰੜੀ ਮਿਹਨਤ ਨੇ ਸਫਲਤਾ ਦੇ ਪੈਰ ਚੁੰਮੇ। ਸ਼ਕਤੀ ਮਿਲੀ। ਸ਼ੋਭਾ ਫੈਲਦੀ ਗਈ। ਸਮਾਂ ਪਾ ਕੇ 'ਅੱਬੂ' ਵਿਦਿਆਰਥੀ ਇਕ ਦਿਨ ਵਿਗਿਆਨ-ਅਧਿਆਪਕ ਬਣਿਆ। ਦੇਸ ਦਾ ਸਪੂਤਨਿਕ ਸਿਰਜਕ। ਬੱਚਿਆਂ ਨੂੰ ਮੁਹੱਬਤ ਵੰਡਣ ਵਾਲਾ ਰਹਿਮ ਦਿਲ ਇਨਸਾਨ।

ਭਾਰਤ ਦਾ ਸਾਬਕਾ ਰਾਸ਼ਟਰਪਤੀ ਅਤੇ ਹਰਮਨ-ਪਿਆਰਾ ਅਧਿਆਪਕ ਡਾ.ਏ.ਪੀ.ਜੇ.ਅਬਦੁੱਲ ਕਲਾਮ ਜਿਸ ਦਾ ਨਾਮ ਹੈ, ਉਹ ਅੱਬੂ ਹੀ ਸੀ।



# ਛਤਰੀ ਵਾਲਾ ਖੁੱਡਾ

ਕਿਰਤੂ ਦੀ ਮੰਮੀ ਨੂੰ ਕੁੱਕੜੀਆਂ ਰੱਖਣ ਦਾ ਸ਼ੌਕ ਸੀ। ਉਹ ਇਕ ਪਿੰਡ ਵਿਚ ਰਹਿੰਦੇ ਸਨ। ਕਿਰਤੂ ਪੰਜਵੀਂ ਸ਼੍ਰੇਣੀ ਵਿਚ ਪੜ੍ਹਦਾ ਸੀ। ਉਸ ਦਾ ਪਿਤਾ ਪਿੰਡ ਦੇ ਜ਼ਿਮੀਦਾਰ ਦਿਆਲ ਸਿੰਘ ਦਾ ਸ਼ੀਰੀ ਸੀ। ਘਰ ਦੇ ਗੁਜ਼ਾਰੇ ਲਈ ਕਿਰਤੂ ਦੀ ਮੰਮੀ ਕੁੱਕੜੀਆਂ ਦੀ ਸਾਂਭ ਸੰਭਾਲ ਕਰਦੀ ਤੇ ਉਹਨਾਂ ਦੇ ਆਂਡੇ ਵੇਚ ਕੇ ਕਿਰਤੂ ਦੀ ਪੜ੍ਹਾਈ ਲਈ ਪੈਸੇ ਜੋੜ ਲੈਂਦੀ। ਦੇਸੀ ਕੁੱਕੜੀਆਂ ਦੇ ਨਾਲ ਇਕ ਦੋ ਕੁੱਕੜ ਵੀ ਰੱਖੇ ਹੋਏ ਸਨ।

ਘਰ 'ਚ ਵਿਹੜੇ ਦੇ ਇਕ ਖੂੰਜੇ ਉਹਨਾਂ ਨੇ ਕੁੱਕੜੀਆਂ ਲਈ ਇਕ ਖੁੱਡਾ (ਘਰ) ਵੀ ਬਣਾਇਆ ਹੋਇਆ ਸੀ। ਖੁੱਡੇ 'ਚ ਹਵਾ ਲਈ ਰੋਸ਼ਨਦਾਨ ਤੇ ਖਿੜਕੀਆਂ ਵੀ ਬਣਾਈਆਂ ਹੋਈਆਂ ਸਨ। ਇਕ ਦਰਵਾਜ਼ਾ ਲਾ ਕੇ ਉਸ ਨੂੰ ਜਿੰਦਾ-ਕੁੰਡਾ ਲਾਉਣ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ ਤਾਂ ਜੋ ਕੋਈ ਕੁੱਤਾ-ਬਿੱਲੀ ਕੁੱਕੜੀਆਂ ਤੇ ਉਹਨਾਂ ਦੇ ਚੂਚਿਆਂ ਨੂੰ ਝਪਟ ਨਾ ਲਵੇ।

ਕਿਰਤੂ ਨੂੰ ਵਿਹੜੇ 'ਚ ਘੁੰਮਦੇ ਚੀਂ...ਚੀਂ....ਕਰਦੇ ਚੂਚੇ ਬੜੇ ਪਿਆਰੇ ਲੱਗਦੇ। ਉਹ ਉਹਨਾਂ ਨੂੰ ਠੂਲ੍ਹੇ, ਵਿਚ ਪਾਣੀ ਪਾ ਦਿੰਦਾ। ਨਿੱਕੀਆਂ-ਨਿੱਕੀਆਂ ਚੁੰਝਾਂ ਨਾਲ ਪਾਣੀ ਪੀਂਦੇ ਚੂਚੇ ਹੋਰ ਵੀ ਪਿਆਰੇ ਲੱਗਦੇ। ਮੰਮੀ ਤੋਂ ਦਾਣੇ ਲੈ ਕੇ ਕੁੱਕੜੀਆਂ ਨੂੰ ਪਾ ਦਿੰਦਾ। ਖੁੱਡੇ ਦੀ ਸਾਫ-ਸਫ਼ਾਈ ਮੰਮੀ ਕਰ ਦਿੰਦੀ। ਖੁੱਡੇ 'ਚ ਕੁੱਕੜੀਆਂ ਦੇ ਦਿੱਤੇ ਆਂਡੇ ਕਿਰਤੂ ਚੁੱਕ ਲਿਆਉਂਦਾ ਤੇ ਗਿਣਤੀ ਕਰ ਕੇ ਮੰਮੀ ਨੂੰ ਦੇ ਦਿੰਦਾ। ਉਹ ਖੁਸ਼ ਹੁੰਦੀ। ਗ਼ਰਮੀਆਂ ਦੇ ਦਿਨ ਸਨ। ਕਹਿਰਾਂ ਦੀ ਗਰਮੀ ਪੈ ਰਹੀ ਸੀ। ਵਰਖਾ ਹੋਣ 'ਚ ਨਹੀਂ ਸੀ ਆਉਂਦੀ। ਜੀਅ-ਜੰਤ ਗਰਮੀ ਨਾਲ ਤ੍ਰਾਹ-ਤ੍ਰਾਹ ਕਰਦੇ ਸਨ। ਕੁੱਕੜੀਆਂ ਤੇ ਚੂਚਿਆਂ ਨੂੰ ਵੀ ਗਰਮੀ ਤੋਂ ਬਚਾਉਣ ਲਈ ਕਿਰਤੂ ਸੋਚਦਾ ਰਹਿੰਦਾ। ਖੁੱਡੇ ਨੇੜੇ ਵਿਹੜੇ 'ਚ ਕੋਈ ਰੁੱਖ ਵੀ ਨਹੀਂ ਸੀ। ਪਿਛਲੇ ਵਰ੍ਹੇ ਕਿਰਤੂ ਦੇ ਪਿਤਾ ਨੇ ਜੋ ਗੁਲਮੁਹਰ ਦਾ ਪੌਦਾ ਵਿਹੜੇ ਵਿਚ ਛਾਂ ਲਈ ਲਾਇਆ ਸੀ, ਉਹ ਅਜੇ ਬਹੁਤ ਛੋਟਾ ਸੀ।

ਗ਼ਰਮੀ ਨਾਲ ਖੁੱਡਾ ਵੀ ਤਪਣ ਲੱਗਦਾ। ਕਿਰਤੂ ਨੂੰ ਇਕ ਵਿਉਂਤ ਸੁੱਝੀ। ਘਰ 'ਚ ਇੱਕ ਪੁਰਾਣੀ ਛੱਤਰੀ ਪਈ ਸੀ। ਉਸ ਨੇ ਖੁੱਡੇ ਉੱਤੇ ਇਕ ਬਾਂਸ ਨਾਲ ਛਤਰੀ ਬੰਨ੍ਹ ਦਿੱਤੀ। ਛਤਰੀ ਕਾਫ਼ੀ ਵੱਡੀ ਸੀ। ਮੰਮੀ ਨੇ ਉਸ ਨੂੰ ਸੂਈ ਧਾਗੇ ਨਾਲ ਮੁਰੰਮਤ ਵੀ ਕਰ ਦਿੱਤੀ। ਸ਼ਾਮੀਂ ਕਿਰਤੂ ਦਾ ਪਿਤਾ ਖੁੱਡੇ 'ਤੇ ਛਤਰੀ ਬੰਨ੍ਹੀ ਵੇਖ ਕੇ ਬੜਾ ਹੈਰਾਨ ਹੋਇਆ।

"ਕਿਰਤੂ, ਇਹ ਤਾਂ ਤੂੰ ਕਮਾਲ ਕਰ ਦਿੱਤਾ, ਸ਼ਾਬਾਸ਼।" ਉੱਤੋਂ ਬਰਸਾਤ ਵੀ ਆਉਣ ਵਾਲੀ ਸੀ। ਸਾਉਣ ਦੇ ਮਹੀਨੇ ਵਰਖਾ ਪੈਣ ਵਾਲੀ ਸੀ। ਖੁੱਡੇ ਦੀ ਛੱਤ ਚੋਣ ਤੋਂ ਛਤਰੀ ਪੂਰੀ ਰੱਖਿਆ ਕਰ ਸਕਦੀ ਸੀ। ਕਈ ਵੇਰ ਇਕ ਦੋ ਕੁੱਕੜੀਆਂ ਖੁੱਡੇ ਉੱਤੇ ਛਤਰੀ ਦੀ ਛਾਵੇਂ ਬੈਠ ਜਾਂਦੀਆਂ ਪਰ ਚੂਚੇ ਤਾਂ ਤੱਕਦੇ ਹੀ ਰਹਿੰਦੇ।

"ਮੰਮੀ, ਵੇਖ ਕੁੱਕੜੀਆਂ ਕਿਵੇਂ ਛਤਰੀ ਥੱਲੇ ਬੈਠੀਆਂ। ਇਨ੍ਹਾਂ ਨੂੰ ਵੀ ਸਾਡੇ ਵਾਂਗ ਗਰਮੀ-ਸਰਦੀ ਲੱਗਦੀ। ਮੀਂਹ 'ਚ ਖੰਭ ਭਿੱਜ ਜਾਂਦੇ ਸਨ ਪਰ ਹੁਣ ਛਤਰੀ ਤੋਂ ਬਚਾ ਰਹੇਗਾ।"

"ਹਾਂ ਹਾਂ, ਕਿਰਤੂ ਬੇਟੇ...।" ਮਾਂ ਨੇ ਉੱਤਰ ਦਿੱਤਾ।

ਕਿਰਤੂ ਛਤਰੀ ਵੱਲ ਵੇਖ-ਵੇਖ ਕੇ ਖੁਸ਼ ਹੋ ਰਿਹਾ ਸੀ।



ਮਨਮੋਹਨ ਸਿੰਘ ਦਾਊਂ

Tarlochan
*Publishers*

Giaran Muthian